# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ‘ਟੇਕ-ਹੋਮ’ (ਘਰ ਲੈ ਜਾਓ) ਬਾਰੇ ਜਾਣਕਾਰੀ

Government of South Australia
Department for Education

Punjabi / ਪੰਜਾਬੀ

‘ਟੇਕ-ਹੋਮ’ ਦੀ ਵਰਤੋਂ ਸਕੂਲਾਂ ਦੁਆਰਾ ‘ਵਿਵਹਾਰ ਸੰਬੰਧੀ ਅਪਾਤਕਾਲ ਸਥਿਤੀਆਂ’ ਨਾਲ ਨਜਿੱਠਣ ਲਈ ਕੀਤੀ ਜਾਂਦੀ ਹੈ।

ਇੱਕ ‘ਵਿਹਾਰ ਸੰਬੰਧੀ ਐਮਰਜੈਂਸੀ’ ਉਦੋਂ ਹੁੰਦੀ ਹੈ ਜਦੋਂ:

• ਵਿਦਿਆਰਥੀ ਦਾ ਵਿਵਹਾਰ ਉਸਨੂੰ ਆਪਣੇ ਆਪ ਨੂੰ ਜਾਂ ਦੂਜਿਆਂ ਨੂੰ ਨੁਕਸਾਨ ਹੋਣ ਦੇ ਖਤਰੇ ਵਿੱਚ ਪਾ ਦਿੰਦਾ ਹੈ

• ਵਿਦਿਆਰਥੀ ਨੂੰ ਸਕੂਲ ਵਿੱਚ ਸੁਰੱਖਿਅਤ ਢੰਗ ਨਾਲ ਸਹਾਇਤਾ ਪ੍ਰਦਾਨ ਨਹੀਂ ਕੀਤੀ ਜਾ ਸਕਦੀ ਹੈ।

ਪ੍ਰਿੰਸੀਪਲ ਸਾਹਿਬ/ਸਾਹਿਬਾ ਇਹ ਫੈਸਲਾ ਕਰ ਸਕਦੇ ਹਨ ਕਿ ਤੁਹਾਡੇ ਬੱਚੇ ਨੂੰ ਸਕੂਲ ਦੇ ਬਾਕੀ ਬਚੇ ਦਿਨ ਵਾਸਤੇ ਤੁਹਾਡੇ ਕੋਲ ਜਾਂ ਉਸਦੇ ਦੇਖਭਾਲ ਕਰਨ ਵਾਲੇ ਵਿਅਕਤੀ ਕੋਲ ਘਰ ਭੇਜੇ ਜਾਣ ਦੀ ਲੋੜ ਹੈ।

## ਜੇਕਰ ਤੁਹਾਡੇ ਬੱਚੇ ਨੂੰ ‘ਟੇਕ ਹੋਮ’ ਮਿਲਦਾ ਹੈ ਤਾਂ ਕੀ ਕਰਨਾ ਚਾਹੀਦਾ ਹੈ

ਸਕੂਲ ਇਹ ਦੱਸਣ ਲਈ ਤੁਹਾਡੇ ਨਾਲ ਸੰਪਰਕ ਕਰੇਗਾ ਕਿ ਤੁਹਾਡੇ ਬੱਚੇ ਨੂੰ ‘ਟੇਕ-ਹੋਮ’ ਕਿਉਂ ਮਿਲਿਆ ਹੈ ਅਤੇ ਕੀ ਹੋਇਆ ਸੀ ਇਸ ਬਾਰੇ ਜਾਣਕਾਰੀ ਸਾਂਝੀ ਕਰੇਗਾ।

ਜੇਕਰ ਤੁਸੀਂ ਉਪਲਬਧ ਨਹੀਂ ਹੋ, ਤਾਂ ਸਕੂਲ ਸੂਚੀਬੱਧ ਕੀਤੇ ਗਏ ਸਾਰੇ ਐਮਰਜੈਂਸੀ ਸੰਪਰਕ ਵਿਅਕਤੀਆਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰੇਗਾ ਤਾਂ ਜੋ ਕਿਸੇ ਨੂੰ ਲੱਭਿਆ ਜਾ ਸਕੇ ਜੋ ਆਏ ਅਤੇ ਤੁਹਾਡੇ ਬੱਚੇ ਨੂੰ ਲੈ ਜਾਵੇ।

ਸ਼ਾਂਤ ਰਹੋ ਅਤੇ ਆਪਣੇ ਬੱਚੇ ਨਾਲ ਗੱਲ ਕਰੋ ਕਿ ਕੀ ਹੋਇਆ ਸੀ। ਸਕੂਲ ਨਾਲ ਗੱਲ ਕਰੋ ਅਤੇ ਇੱਕ ਯੋਜਨਾ ਬਣਾਉਣ ਲਈ ਰਲ੍ਹ-ਮਿਲ ਕੇ ਕੰਮ ਕਰੋ।

## ਪ੍ਰਿੰਸੀਪਲ ‘ਟੇਕ-ਹੋਮ’ ਦੀ ਵਰਤੋਂ ਕਿਉਂ ਕਰਦੇ ਹਨ

ਜ਼ਿਆਦਾਤਰ ਵਿਦਿਆਰਥੀ ਸੁਰੱਖਿਆ ਨਾਲ ਪੇਸ਼ ਆਉਂਦੇ ਹਨ ਪਰ ਕਈ ਵਾਰ:

- ਉਨ੍ਹਾਂ ਕੋਲ ਸੁਰੱਖਿਅਤ ਰਹਿਣ ਲਈ ਲੋੜੀਂਦੇ ਹੁਨਰ ਨਹੀਂ ਹੁੰਦੇ ਹਨ
- ਉਹ ਅਜੇ ਵੀ ਗੱਲ-ਬਾਤ, ਭਾਵਨਾਤਮਕ ਜਾਂ ਸਮਾਜਿਕ ਹੁਨਰ ਸਿੱਖ ਰਹੇ ਹੁੰਦੇ ਹਨ
- ਆਪਣੇ ਹੁਨਰ ਦੀ ਵਰਤੋਂ ਨਹੀਂ ਕਰ ਪਾਉਂਦੇ ਕਿਉਂਕਿ ਉਹ ਪਰੇਸ਼ਾਨ, ਤਣਾਅਗ੍ਰਸਤ ਜਾਂ ਬਿਮਾਰ ਮਹਿਸੂਸ ਕਰ ਰਹੇ ਹੁੰਦੇ ਹਨ
- ਉਹ ਆਪਣੀਆਂ ਲੋੜਾਂ ਨੂੰ ਅਜਿਹੇ ਤਰੀਕਿਆਂ ਨਾਲ ਪੂਰਾ ਕਰਨ ਦੀ ਕੋਸ਼ਿਸ਼ ਕਰਦੇ ਹਨ ਜੋ ਉਨ੍ਹਾਂ ਨੂੰ ਜਾਂ ਹੋਰ ਲੋਕਾਂ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਕਿਸੇ ਪ੍ਰਿੰਸੀਪਲ ਨੂੰ ਵਿਵਹਾਰ ਸੰਬੰਧੀ ਐਮਰਜੈਂਸੀ ਵਿੱਚ ‘ਟੇਕ-ਹੋਮ’ ਦੇਣ ਦੀ ਲੋੜ ਪੈ ਸਕਦੀ ਹੈ ਜਦੋਂ:

- ਕਿਸੇ ਵਿਦਿਆਰਥੀ ਦਾ ਵਿਵਹਾਰ ਅਸੁਰੱਖਿਆ ਭਰਿਆ, ਗੰਭੀਰ ਹੁੰਦਾ ਹੈ ਅਤੇ ਲੰਬੇ ਸਮੇਂ ਤੱਕ ਅਜਿਹਾ ਕਾਇਮ ਰਹਿੰਦਾ ਹੈ
- ਵਿਦਿਆਰਥੀ ਦੀ ਸਹਾਇਤਾ ਕਰਨ ਲਈ ਉਚਿਤ ਯਤਨ ਕੀਤੇ ਗਏ ਹਨ ਪਰ ਸਫਲਤਾ ਹਾਸਲ ਨਹੀਂ ਹੋਈ ਹੈ
- ਵਿਦਿਆਰਥੀ ਇੰਨਾ ਕੁ ਜ਼ਿਆਦਾ ਗੁੱਸੇ ਵਿੱਚ, ਪਰੇਸ਼ਾਨ ਜਾਂ ਦੁੱਖਦਾਇਕ ਰੀਕੇ ਨਾਲ ਰਹਿ ਰਿਹਾ ਹੈ ਕਿ ਉਸਦਾ ਸਕੂਲ ਵਿੱਚ ਰਹਿਣਾ ਉਚਿਤ ਨਹੀਂ ਹੈ।

## ਕੀ ਹੋਇਆ ਇਸ ਬਾਰੇ ਜਾਣਕਾਰੀ ਇਕੱਠੀ ਕਰਨਾ

ਸਕੂਲ ਤੁਹਾਡੇ ਬੱਚੇ ਤੋਂ ਇਹ ਜਾਣਨ ਦੀ ਕੋਸ਼ਿਸ਼ ਕਰੇਗਾ ਕਿ ਕੀ ਹੋਇਆ ਹੈ। ਜੇਕਰ ਤੁਹਾਡਾ ਬੱਚਾ ਇੰਨਾ ਕੁ ਪਰੇਸ਼ਾਨ ਹੈ ਕਿ ਗੱਲ ਨਹੀਂ ਕਰ ਪਾ ਰਿਹਾ, ਤਾਂ ਸਕੂਲ ਹੋਰ ਲੋਕਾਂ ਤੋਂ ਮਿਲੀ ਜਾਣਕਾਰੀ ਦੀ ਵਰਤੋਂ ਕਰ ਸਕਦਾ ਹੈ। ਉਹ ਇਹ ਸਮਝਣ ਲਈ ਜਾਣਕਾਰੀ ਇਕੱਠੀ ਕਰਦੇ ਰਹਿਣਗੇ ਕਿ ਕੀ ਹੋਇਆ ਹੈ ਅਤੇ ਭਵਿੱਖ ਵਿੱਚ ਤੁਹਾਡੇ ਬੱਚੇ ਦੀ ਸਹਾਇਤਾ ਕਰਨਗੇ।

## ‘ਟੇਕ-ਹੋਮ’ ਤੋਂ ਬਾਅਦ ਮੁੜ ਜੁੜਾਵ

ਅਗਲੇ ਦਿਨ ਤੁਹਾਡੇ ਬੱਚੇ ਨੂੰ ਇੱਕ ਨਵੀਂ ਸ਼ੁਰੂਆਤ ਮਿਲਦੀ ਹੈ। ਤੁਹਾਡੇ ਬੱਚੇ ਨੂੰ ਦੁਬਾਰਾ ਤੋਂ ਸਿੱਖਣ ਵਿੱਚ ਮਦਦ ਕਰਨ ਦੀ ਯੋਜਨਾ ਬਾਰੇ ਸਕੂਲ ਤੁਹਾਡੇ ਨਾਲ ਗੱਲ ਕਰੇਗਾ।

## ਵਾਰ-ਵਾਰ ‘ਟੇਕ-ਹੋਮ’ ਦਿੱਤਾ ਜਾਣਾ

ਜੇਕਰ ਤੁਹਾਡੇ ਬੱਚੇ ਨਾਲ ਵਾਰ-ਵਾਰ ਵਿਵਹਾਰ ਸੰਬੰਧੀ ਅਪਾਤਕਾਲ ਸਥਿਤੀਆਂ (ਐਮਰਜੈਂਸੀਆਂ) ਹੁੰਦੀਆਂ ਹਨ, ਤਾਂ ਸਕੂਲ ਇੱਕ ਪੁਨਰ-ਕਨੈਕਸ਼ਨ ਮੀਟਿੰਗ ਦਾ ਪ੍ਰਬੰਧ ਕਰੇਗਾ ਤਾਂ ਜੋ:

- ਤੁਹਾਡੇ ਬੱਚੇ ਦੀਆਂ ਲੋੜਾਂ ਨੂੰ ਵੀਚਾਰਿਆ ਜਾ ਸਕੇ
- ਇਹ ਚਰਚਾ ਕੀਤੀ ਜਾ ਸਕੇ ਕਿ ਕਿਸ ਕਿਸਮ ਦੀ ਮਦਦ ਸਹਾਇਕ ਹੋ ਸਕਦੀ ਹੈ
- ਵਿਵਹਾਰ ਵਜੋਂ ਸਹਾਇਕ ਇੱਕ ਸਹਾਇਤਾ ਯੋਜਨਾ ਵਿਕਸਿਤ ਜਾਂ ਅੱਪਡੇਟ ਕੀਤੀ ਜਾ ਸਕੇ।

# ਮਾਪਿਆਂ ਅਤੇ ਦੇਖਭਾਲ ਕਰਨ ਵਾਲਿਆਂ ਲਈ ‘ਟੇਕ-ਹੋਮ’ (ਘਰ ਲੈ ਜਾਓ) ਬਾਰੇ ਜਾਣਕਾਰੀ

## ਵਿਵਹਾਰ ਸਹਾਇਤਾ ਯੋਜਨਾ

ਤੁਹਾਡੇ ਬੱਚੇ ਦੇ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਵਿੱਚ ਸਹਾਇਤਾ ਕਰਨ ਲਈ ਇੱਕ ‘ਵਿਵਹਾਰ ਸਹਾਇਤਾ ਯੋਜਨਾ’ ਤਿਆਰ ਕੀਤੀ ਜਾਂਦੀ ਹੈ। ਯੋਜਨਾ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ:

- ਉਹ ਹੁਨਰ ਜੋ ਇੱਕ ਸੁਰੱਖਿਅਤ ਅਤੇ ਸਕਾਰਾਤਮਕ ਵਿਵਹਾਰ ਲਈ ਉਸ ਨੂੰ ਚਾਹੀਦੇ ਹਨ
- ਤੁਹਾਡਾ ਬੱਚਾ ਇਹ ਹੁਨਰ ਕਿਵੇਂ ਸਿੱਖੇਗਾ ਅਤੇ ਕੌਣ ਉਸਦੀ ਮਦਦ ਕਰੇਗਾ
- ਜਦੋਂ ਤੁਹਾਡਾ ਬੱਚਾ ਅਜੇ ਵੀ ਹੁਨਰ ਅਤੇ ਉਨ੍ਹਾਂ ਨੂੰ ਲਾਗੂ ਕਰਨਾ ਸਿੱਖ ਕਰ ਰਿਹਾ ਹੈ ਤਾਂ ਚੀਜ਼ਾਂ ਨੂੰ ਕਿਵੇਂ ਸੁਰੱਖਿਅਤ ਅਤੇ ਸਕਾਰਾਤਮਕ ਬਣਾਇਆ ਜਾ ਸਕਦਾ ਹੈ
- ਸਭ ਨੂੰ ਕਿਵੇਂ ਪਤਾ ਲੱਗੇਗਾ ਕਿ ਤੁਹਾਡਾ ਬੱਚਾ ਇਸ ਵਿੱਚ ਤਰੱਕੀ ਕਰ ਰਿਹਾ ਹੈ
- ਜੇਕਰ ਭਵਿੱਖ ਵਿੱਚ ਤੁਹਾਡੇ ਬੱਚੇ ਅੰਦਰ ਉਸਦੇ ਵਿਵਹਾਰ ਬਾਰੇ ਚਿੰਤਾਵਾਂ ਖੜੀਆਂ ਹੁੰਦੀਆਂ ਹਨ ਤਾਂ ਉਸਦੀ ਸਹਾਇਤਾ ਕਿਵੇਂ ਕੀਤੀ ਜਾਵੇਗੀ
- ਸਾਰਿਆਂ ਦੀ ਕੀ ਭੂਮਿਕਾ ਹੋਵੇਗੀ।

ਜੇਕਰ ਤੁਹਾਡੇ ਬੱਚੇ ਦਾ ਪਹਿਲਾਂ ਤੋਂ ਹੀ ਇੱਕ ‘ਵੱਨ ਪਲਾਨ’ ਬਣਿਆ ਹੋਇਆ ਹੈ, ਤਾਂ ਉਸਦੀ ਵਿਵਹਾਰਕ ਸਹਾਇਤਾ ਯੋਜਨਾ ਨੂੰ ਇਸ ‘ਵੱਨ ਪਲਾਨ’ ਵਿੱਚ ਸ਼ਾਮਲ ਕੀਤਾ ਜਾ ਸਕਦਾ ਹੈ।

## ਜੇਕਰ ਤੁਸੀਂ ਪ੍ਰਿੰਸੀਪਲ ਵੱਲੋਂ ਤੁਹਾਡੇ ਬੱਚੇ ਨੂੰ ‘ਟੇਕ-ਹੋਮ’ ਦਿੱਤੇ ਜਾਣ ਦੇ ਫੈਸਲੇ ਤੋਂ ਨਾਖੁਸ਼ ਹੋ

ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੱਚੇ ਨੂੰ ਦਿੱਤੇ ਗਏ ‘ਟੇਕ-ਹੋਮ’ ਦੀ ਲੋੜ ਨਹੀਂ ਸੀ, ਤਾਂ ਆਪਣੇ ਬੱਚੇ ਦੇ ਸਕੂਲ ਨਾਲ ਸਲਾਹ-ਮਸ਼ਵਰਾ ਕਰੋ। ਜੇਕਰ ਤੁਸੀਂ ਸਕੂਲ ਨਾਲ ਕੋਈ ਹੱਲ ਨਹੀਂ ਕੱਢ ਪਾਉਂਦੇ ਹੋ, ਤਾਂ ਤੁਸੀਂ ‘ਡਿਪਾਰਟਮੈਂਟ ਫਾਰ ਐਜੂਕੇਸ਼ਨ ਗਾਹਕ ਫੀਡਬੈਕ ਯੂਨਿਟ’ ਨੂੰ ਸ਼ਿਕਾਇਤ ਕਰ ਸਕਦੇ ਹੋ:

- ਫ਼ੋਨ 1800 677 435 (ਮੁਫ਼ਤ ਹੈ)।
- https://www.education.sa.gov.au/ ‘ਤੇ ਜਾਓ ਅਤੇ School complaints ਜਾਂ Support making a complaint ਸਰਚ ਕਰੋ।

ਤੁਸੀਂ ‘ਟੇਕ-ਹੋਮ’ ਦੀ ਕਿਰਿਆ ਬਾਰੇ ਹੋਰ ਜਾਣਕਾਰੀ ਹੇਠ ਲਿਖੇ ਤਰੀਕਿਆਂ ਨਾਲ ਪ੍ਰਾਪਤ ਕਰ ਸਕਦੇ ਹੋ:

- ਪ੍ਰਿੰਸੀਪਲ ਜਾਂ ਸਕੂਲ ਦੇ ਕਿਸੇ ਹੋਰ ਆਗੂ ਨਾਲ ਮੁਲਾਕਾਤ ਕਰ ਕੇ
- ਆਪਣੇ ਸਥਾਨਕ ਸਿੱਖਿਆ ਦਫ਼ਤਰ ਨਾਲ ਸੰਪਰਕ ਕਰ ਕੇ
- ਸਿੱਖਿਆ ਵਿਭਾਗ ਨੂੰ 8226 1000 ‘ਤੇ ਫੋਨ ਕਰ ਕੇ
- ਸਿੱਖਿਆ ਵਿਭਾਗ ਦੀ ਵੈੱਬਸਾਈਟ https://www.education.sa.gov.au/ ‘ਤੇ ਜਾਓ ਅਤੇ ਸਰਚ ਕਰੋ ‘take-home’।